# Joint Press Release of the 7th Round of India-China Military Commander-Level Meeting

October 13, 2020

## ਭਾਰਤ-ਚੀਨ ਮਿਲਟਰੀ ਕਮਾਂਡਰ ਪੱਧਰ ਦੀ ਬੈਠਕ ਦੇ 7ਵੇਂ ਗੇੜ ਬਾਰੇ ਸਾਂਝਾ ਪ੍ਰੈਸ ਬਿਆਨ

13 ਅਕਤੂਬਰ, 2020

ਭਾਰਤ ਅਤੇ ਚੀਨ ਦੇ ਸੀਨੀਅਰ ਕਮਾਂਡਰਾਂ ਦੀ 7ਵੀਂ ਗੇੜ ਦੀ ਬੈਠਕ 12 ਅਕਤੂਬਰ ਨੂੰ ਚੁਸ਼ੂਲ ਵਿਖੇ ਹੋਈ। ਦੋਨਾਂ ਧਿਰਾਂ ਨੇ ਭਾਰਤ-ਚੀਨ ਸਰਹੱਦੀ ਖੇਤਰਾਂ ਦੇ ਪੱਛਮੀ ਸੈਕਟਰ ਵਿੱਚ ਅਸਲ ਕੰਟਰੋਲ ਰੇਖਾ ਉੱਤੇ ਡਿਸਇੰਗੇਜਮੈਂਟ ਬਾਰੇ ਸੁਹਿਰਦਤਾ, ਡੂੰਘਾਈ ਅਤੇ ਉਸਾਰੂ ਤਰੀਕੇ ਨਾਲ ਵਿਚਾਰ ਵਟਾਂਦਰਾ ਕੀਤਾ। ਉਨ੍ਹਾਂ ਦਾ ਇਹ ਕਹਿਣਾ ਸੀ ਕਿ ਇਹ ਵਿਚਾਰ-ਵਟਾਂਦਰੇ ਸਕਾਰਾਤਮਕ ਅਤੇ ਸਿਰਜਣਾਤਮਕ ਸਨ ਅਤੇ ਇਨ੍ਹਾਂ ਨਾਲ ਇਕ ਦੂਜੇ ਦੇ ਨਜ਼ਰੀਏ ਬਾਰੇ ਸਮਝ ਵਧੀ ਹੈ। ਦੋਵੇਂ ਪੱਖਾਂ ਨੇ ਫੌਜੀ ਅਤੇ ਕੂਟਨੀਤਕ ਚੈਨਲਾਂ ਰਾਹੀਂ ਗੱਲਬਾਤ ਅਤੇ ਸੰਚਾਰ ਨੂੰ ਕਾਇਮ ਰੱਖਣ ਅਤੇ ਛੇਤੀ ਤੋਂ ਛੇਤੀ ਡਿਸਇੰਗੇਜਮੈਂਟ ਲਈ ਆਪਸੀ ਤੌਰ ਤੇ ਪ੍ਰਵਾਨ ਕਰਨ ਯੋਗ ਹੱਲ ਕੱਢਣ ਉੱਤੇ ਸਹਿਮਤੀ ਪ੍ਰਗਟਾਈ। ਦੋਵਾਂ ਪੱਖਾਂ ਨੇ ਦੋਵਾਂ ਮੁਲਕਾਂ ਦੇ ਆਗੂਆਂ ਦਰਮਿਆਨ ਹੋਏ ਮਹੱਤਵਪੂਰਨ ਸਮਝੌਤੇ ਕਿ, ਮਤਭੇਦਾਂ ਨੂੰ ਵਿਵਾਦ ਨਹੀਂ ਬਣਨ ਦੇਣਾ ਚਾਹੀਦਾ ਅਤੇ ਸਰਹੱਦੀ ਖੇਤਰਾਂ ਵਿੱਚ ਸਾਂਝੇ ਤੌਰ ਤੇ ਅਮਨ ਅਤੇ ਸ਼ਾਂਤੀ ਬਣਾਏ ਰੱਖੀ ਜਾਣੀ ਚਾਹੀਦੀ ਹੈ, ਨੂੰ ਗੰਭੀਰਤਾ ਨਾਲ ਲਾਗੂ ਕਰਨ ਬਾਰੇ ਸਹਿਮਤੀ ਜ਼ਾਹਰ ਕੀਤੀ।

ਨਵੀਂ ਦਿੱਲੀ
13 ਅਕਤੂਬਰ, 2020

DISCLAIMER: This is an approximate translation. The original is available in English on MEA’s website and may be referred to as the official press release.